# ANGEL'S PUBLIC SCHOOL

Strive for Perfection

# SAMPLE PAPER

**HALF YEARLY EXAM SESSION 2024 – 25**

**CLASS – IX**

**TIME : 3 HRS** **SUBJECT : PUNJABI** **M.M:80**

**ਨੋਟ - ਸਾਰੇ ਪ੍ਰਸ਼ਨ ਜ਼ਰੂਰੀ ਹਨ ।**

**ਲਿਖਾਈ - ਸਾਫ਼ ਸੁਥਰੀ ਕਰੋ !**

**ਭਾਗ - ੳ (ਪੜ੍ਹਨ ਕੌਸ਼ਲ) (ਅਣਡਿੱਠਾ ਪੈਰਾ)** **[10]**

**(1) ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਸਹੀ ਉੱਤਰ ਚੁਣ ਕੇ ਲਿਖੋ :-** **(2+2+2+1=7)**

ਮਨੁੱਖੀ ਹੋਂਦ ਲਈ ਪਾਣੀ ਦੀ ਅਵੱਸ਼ ਲੋੜ ਹੈ। ਅਸਲ ਵਿੱਚ ਜੀਵਨ ਦਾ ਅਰੰਭ ਹੀ ਪਾਣੀ ਵਿੱਚੋਂ ਹੋਇਆ ਹੈ। ਆਦਿਕਾਲੀਨ ਮਨੁੱਖ ਪਾਣੀ ਦੀ ਲੋੜ ਕੁਦਰਤੀ ਸੋਮਿਆਂ ਜਿਵੇਂ ਦਰਿਆਵਾਂ ਜਾਂ ਝੀਲਾਂ ਤੋਂ ਪੂਰਾ ਕਰਦਾ ਸੀ। ਸਾਡੇ ਪਾਸ ਇਸ ਯੁੱਗ ਦੀ ਯਾਦਗਾਰ 'ਘਾਟ' ਦਾ ਸ਼ਬਦ ਹੈ, ਜਿਸ ਦਾ ਅਰਥ ਦਰਿਆ ਦਾ ਕੰਢਾ ਹੈ, ਅਰਥਾਤ ਪਾਣੀ ਭਰਨ ਤੇ ਨਹਾਉਣ-ਧੋਣ ਦੀ ਥਾਂ। ਇਸ ਤੋਂ ਇਲਾਵਾ 'ਘਾਟ' ਦਾ ਅਰਥ ਪੱਤਣ ਵੀ ਹੈ। ਪਾਣੀ ਭਰਨ ਵਾਲੀ ਥਾਂ ਲਈ 'ਪਨਘਟ' ਸ਼ਬਦ ਵੀ ਹੈ, ਜਿਸ ਦਾ ਜ਼ਿਆਦਾ ਸਬੰਧ ਹਿੰਦੀ ਨਾਲ ਹੈ। ਉਂਞ ਪੰਜਾਬੀ ਵਿੱਚ 'ਘਾਟ' ਦੀ ਵਰਤੋਂ ਵੀ ਪਾਣੀ ਭਰਨ ਦੀ ਥਾਂ ਲਈ ਘੱਟ-ਵੱਧ ਹੀ ਹੁੰਦੀ ਹੈ, ਅਤੇ ਇਸ ਦੀਆਂ ਪੈੜਾਂ ਕੇਵਲ ਅਖਾਣਾਂ ਜਾਂ ਮੁਹਾਵਰਿਆਂ ਵਿੱਚ ਹੀ ਦਿਸਦੀਆਂ ਹਨ, ਜਿਵੇਂ 'ਘਰ-ਘਾਟ', 'ਘਰ ਦਾ ਨਾ ਘਾਟ ਦਾ' ਅਤੇ 'ਘਾਟ-ਘਾਟ ਦਾ ਪਾਣੀ ਪੀਣਾ।' ਘਰ ਦੇ ਟਾਕਰੇ ਘਾਟ ਦੀ ਵਰਤੋਂ ਤੋਂ ਇਸ ਦੀ ਮਹੱਤਤਾ ਦਾ ਭਲੀਭਾਂਤ ਪਤਾ ਲੱਗ ਜਾਂਦਾ ਹੈ। ਘਾਟ ਤੋਂ ਅੱਗੇ ਚੱਲ ਕੇ ਖੂਹ ਦੀ ਕਾਢ ਸੱਭਿਅਤਾ ਦੇ ਵਿਕਾਸ ਦੀ ਇੱਕ ਵੱਡੀ ਘਟਨਾ ਹੈ। ਪੰਜਾਬੀ ਜਨ-ਜੀਵਨ ਵਿੱਚ ਖੂਹ ਦੀ ਸੰਸਥਾ ਨਿਵੇਕਲੀ ਹੈ। ਸਮੇਂ ਦੇ ਹੋਰ ਅੱਗੇ ਵਧਣ ਨਾਲ ਖੂਹਾਂ ਦੀ ਥਾਂ ਨਲਕੇ ਮੱਲ ਲੈਂਦੇ ਹਨ ਅਤੇ ਅੱਜ-ਕੱਲ੍ਹ ਟੂਟੀਆਂ ਤੇ ਜਲ-ਘਰਾਂ ਦਾ ਬੋਲਬਾਲਾ ਹੈ। ਇਸ ਤਰ੍ਹਾਂ ਸਮੇਂ ਦੇ ਫੇਰ ਨਾਲ ਪਨਘਟ ਤੇ ਖੂਹਾਂ ਤੋਂ ਪਾਣੀ ਭਰਨ ਦਾ ਰਿਵਾਜ, ਜੋ ਜ਼ਨਾਨੀਆਂ ਦਾ ਕਿੱਤਾ ਸੀ, ਇੱਕ ਬੀਤੇ ਸਮੇਂ ਦੀ ਯਾਦ ਬਣ ਕੇ ਰਹਿ ਗਿਆ ਹੈ। ਬਾਂਕੀਆਂ ਨਾਰਾਂ ਦਾ ਖੂਹ 'ਤੇ ਪਾਣੀ ਭਰਨਾ ਅਤੇ ਚਾਹਵਾਨ ਰਾਹੀਆਂ ਦਾ ਪਾਣੀ ਦਾ ਘੁੱਟ ਮੰਗਣਾ, ਸਾਡੇ ਲੋਕ-ਗੀਤਾਂ ਦਾ ਸਜੀਵ ਦ੍ਰਿਸ਼ ਹੈ।

ਉਪਰੋਕਤ ਪੈਰਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖ ਦਿਓ :

**ਪ੍ਰਸ਼ਨ 1.** ਮਨੁੱਖੀ ਹੋਂਦ ਲਈ ਕਿਹੜੀ ਲੋੜ ਨੂੰ ਜ਼ਰੂਰੀ ਦੱਸਿਆ ਗਿਆ ਹੈ ? ਆਦਿਕਾਲ ਵਿਚ ਇਹ ਕਿੱਥੋਂ ਪ੍ਰਾਪਤ ਹੁੰਦੀ ਸੀ ?

**ਪ੍ਰਸ਼ਨ 2.** 'ਘਾਟ' ਦਾ ਅਰਥ ਦੱਸਦੇ ਹੋਏ ਦੱਸੋ ਕਿ ਘਾਟ ਤੋਂ ਬਾਅਦ ਪਾਣੀ ਦੀ ਪ੍ਰਾਪਤੀ ਲਈ ਮਨੁੱਖੀ ਸੱਭਿਅਤਾ ਨੇ ਕੀ-ਕੀ ਵਿਕਾਸ ਕੀਤਾ ?

**ਪ੍ਰਸ਼ਨ 3.** 'ਘਾਟ' ਨਾਲ ਸੰਬੰਧਤ ਕਿਹੜੇ ਅਖਾਣ ਮੁਹਾਵਰੇ ਆਏ ਹਨ, ਉਨ੍ਹਾਂ ਦੇ ਅਰਥ ਦੱਸ ਕੇ ਵਾਕ ਬਣਾਓ।

**ਪ੍ਰਸ਼ਨ 4.** ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।

**(2) ਹੇਠ ਲਿਖੇ ਕਾਵਿ - ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :-** **(1x3=3)**

ਅਲੜ੍ਹ - ਬਲ੍ਹੜ ਬਾਵੇ ਦਾ,
ਬਾਬਾ ਕਣਕ ਲਿਆਏਗਾ ।
ਬਾਵੀ ਬਹਿ ਕੇ ਛੱਟੇਗੀ,
ਮਾਂ ਪੂਣੀਆਂ ਵੱਟੇਗੀ,
ਬਾਵੀ ਮੰਨ ਪਕਾਵੇਗੀ,
ਬਾਵਾ ਬੈਠਾ ਖਾਵੇਗਾ ।

**(ੳ)** ਬਾਵਾ ਕੀ ਲੈ ਕੇ ਆਵੇਗਾ ?

**(ਅ)** ਬਾਵੀ ਬੈਠ ਕੇ ਕੀ ਛੱਟੇਗੀ ?

**(ੲ)** ਮਾਂ ਕੀ ਕਰੇਗੀ ?

## <u>ਭਾਗ - ਅ</u> (ਵਿਆਕਰਨ) [20]

**(3) ਵਿਰੋਧੀ ਸ਼ਬਦ (ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ :-** **(5x1=5)**

**(ੳ)** ਹਿੰਸਾ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ :-
(1) ਅਹਿੰਸਾ (2) ਜ਼ੁਲਮ (3) ਕਰੋਧ (4) ਅੱਤਿਆਚਾਰ

**(ਅ)** 'ਗੱਦਾਰ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ ।
(1) ਵਫ਼ਾਦਾਰ (2) ਦੇਸ਼ - ਧ੍ਰੋਹੀ (3) ਬੇਈਮਾਨ (4) ਭੈੜਾ

**(ੲ)** ਸਹੀ ਵਿਰੋਧੀ ਸ਼ਬਦ ਚੁਣ ਕੇ ਲਿਖੋ :-
(1) ਅੰਨ੍ਹਾ - ਸੁਜਾਖਾ (2) ਅੱਨ੍ਹਾ - ਕਾਣਾ (3) ਅੰਨ੍ਹਾ - ਅੰਨ੍ਹੀ (4) ਅੰਨ੍ਹਾ - ਆਥਾਂ

**(ਸ)** ਸੂਰਜ ਉਗੱ ਰਿਹਾ ਹੈ । ਸਹੀ ਵਿਰੋਧੀ ਸ਼ਬਦ ਚੋਣ :-
(1) ਜਾ ਰਿਹਾ (2) ਉੱਗ (3) ਡੁੱਬ (4) ਲੁੱਕ

**(ਹ)** ਜਨਮ ਤੇ ______________ ਕਿਸੇ ਦੀ ਹੱਥ ਵਿੱਚ ਨਹੀਂ । ਸਹੀ ਵਿਰੋਧੀ ਸ਼ਬਦ ਭਰੋ :-
(1) ਜੰਗ (2) ਮੌਤ (3) ਜ਼ਿੱਦ (4) ਜਾਨ

(ਕ) 'ਸਰਦੀ' ਸ਼ਬਦ ਦਾ ਵਿਰੋਧੀ ਸ਼ਬਦ :-
(1) ਠੰਡ (2) ਗਰਮੀ (3) ਪਾਲਾ (4) ਅੱਗ

**(4) ਲਿੰਗ ਬਦਲੋ (ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ ) ।** **(5x1=5)**

**(ੳ)** 'ਸਹੇਲੀ' ਸ਼ਬਦ ਦਾ ਪੁਲਿੰਗ ਚੁਣੋਂ :-
(1) ਸਹੇਲਾ (2) ਸਾਥੀ (3) ਮਿੱਤਰ (4) ਸਹਲੇਣ

**(ਅ)** ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜੇ ਸ਼ਬਦ ਦਾ ਵਿਰੋਧੀ ਲਿੰਗ ਨਹੀਂ ਹੁੰਦਾ ?
(1) ਸੱਸ (2) ਸ਼ਾਲ (3) ਸੋਟਾ (4) ਕਾਂ

**(ੲ)** ਫ਼ੌਜੀ ਦੀ ਪਤਨੀ ਨੂੰ ਕਹਿੰਦੇ ਹਨ ?
(1) ਫ਼ੌਜਦਾਰ (2) ਫ਼ੌਜਣ (3) ਫ਼ੌਜ (4) ਹੌਲਦਾਰ

**(ਸ)** ਮੈਂ ਥਾਲ ਵਿੱਚ ਰੋਟੀ ਖਾਧੀ ਅਤੇ ਮੇਰੀ ਭੈਣ ਨੇ ________ ਵਿੱਚ ।
(1) ਥਾਲ਼ਾ (2) ਥਾਲ਼ੀ (3) ਪਲੇਟ (4) ਕੌਲ਼ੀ

**(ਹ)** ਮੇਰੇ ਫੁੱਫੜ ਅਤੇ ___________ ਕੱਲ੍ਹ ਆਉਣਗੇ ।
(1) ਮਾਸੀ ਜੀ (2) ਤਾਈ ਜੀ (3) ਭੂਆ ਜੀ (4) ਚਾਚੀ ਜੀ

**(ਕ)** ਜਿਹੜੇ ਨਾਵਾਂ ਸ਼ਬਦ ਵਿੱਚ ਮਾਦਾ ਭੇਦ ਦੀ ਜਾਣਕਾਰੀ ਦਿੱਤੀ ਜਾਂਦੀ ਹੈ । ਉਨ੍ਹਾਂ ਨੂੰ ਕੀ ਕਹਿੰਦੇ ਹਨ ?
(1) ਇਸਤਰੀ ਲਿੰਗ (2) ਪੁਲਿੰਗ (3) ਲਿੰਗ (4) ਨਾਂਵ

**(5) ਸ਼ੁੱਧ ਕਰੋ :- (ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ ) ।** **(5x1=5)**

**(ੳ)** ਸ਼ੁੱਧ ਸ਼ਬਦ ਚੁਣੋ :-

(1) ਬੁੱਡਾ (2) ਬੁਡਾ (3) ਬੁੱਢਾ (4) ਬੁੱਡਾ

**(ਅ)** ਸ਼ੁੱਧ ਸ਼ਬਦ ਚੁਣੋ :-

(1) ਬੁੱਧਿ (2) ਬੁੱਧੀ (3) ਬੁੱਦੀ (4) ਬੂੱਧੀ

**(ੲ)** _________ ਬਹੁਤ ਤਪੱਸਿਆ ਕਰਦੇ ਹਨ । ਸਹੀ ਸ਼ੁੱਧ ਸ਼ਬਦ ਭਰੋ ।

(1) ਸੀਧਾ (2) ਸਿੱਦਾ (3) ਸਾਧੂ (4) ਸਾਧੂਆਂ

**(ਸ)** ਸੰਗੀਤਾ _________ ਗਈ ਹੈ । ਸਹੀ ਸ਼ੁੱਧ ਸ਼ਬਦ ਭਰੋ ।

(1) ਮੰਦਿਰ (2) ਮੰਦਰੀ (3) ਮੰਦਰ (4) ਮੰਨਦਰ

**(ਹ)** _________ ਹੋ ਕੇ ਜਿੰਦਗੀ ਜਿਊਣ ਦਾ ਆਪਣਾ ਹੀ ਅਨੰਦ ਹੁੰਦਾ ਹੈ । ਸਹੀ ਸ਼ੁੱਧ ਸ਼ਬਦ ਭਰੋ ।

(1) ਨਿਰਭੈਯ (2) ਨਿਰਭਯ (3) ਨਿਰਭੈ (4) ਨਿਰਭੈਅ

(ਕ) ਸੁਰਜੀਤ ਦੀ _________ ਇੱਕ ਅਧਿਆਪਕਾ ਹੈ ।

(1) ਤੀਮੀ (2) ਤੀਵੀਂ (3) ਤੀਵੀ (4) ਤਿਵੀ

**(6) ਕੋਈ ਪੰਜ ਮੁਹਾਵਰਿਆਂ ਦੇ ਅਰਥ ਸਹਿਤ ਵਾਕ ਬਣਾਓ ।** **(5x1=5)**

**(1)** ਉੱਲੂ ਬੋਲਣੇ **(2)** ਅੱਖਾਂ ਮੀਟ ਛੱਡਣਾ **(3)** ਅੱਖਾਂ ਵਿੱਚ ਰਾਤ ਕੱਢਣਾ

**(4)** ਅਕਾਸ ਨੂੰ ਛੂਹਣਾ **(5)** ਅੱਡੀ ਨਾ ਲੱਗਣਾ **(6)** ਉੱਚਾ ਸਾਹ ਨਾ ਕੱਢਣਾ

## <u>ਭਾਗ - ੲ</u> (ਪ੍ਰਭਾਵਸ਼ਾਲੀ ਲਿਖਣ ਕੌਸ਼ਲ) [20]

**(7) ਗੁਰੂ ਤੇਗ ਬਹਾਦਰ ਜੀ ਉੱਪਰ 200 ਸ਼ਬਦਾਂ ਦਾ ਲੇਖ ਲਿਖੋ ।** (8)

**ਨੁਕਤੇ :-** ਹਿੰਦ ਦੀ ਚਾਦਰ, ਜਨਮ ਤੇ ਮਾਤਾ ਪਿਤਾ, ਗੁਰਗੱਦੀ ਤੇ ਬੈਠਣਾ, ਇਕਾਂਤ ਪਸੰਦ, ਆਨੰਦਪੁਰ ਵਸਾਉਣਾ, ਕਸ਼ਮੀਰੀ ਪੰਡਿਤਾਂ ਦੀ ਪੁਕਾਰ, ਸ਼ਹੀਦੀ ਸਾਰਾਂਸ ।

**ਜਾਂ**

'ਭ੍ਰਿਸ਼ਟਾਚਾਰ' 200 ਸ਼ਬਦਾਂ ਦਾ ਲੇਖ ਲਿਖੋ ।

**ਨੁਕਤੇ :- ਭੂਮਿਕਾ, ਭ੍ਰਿਸ਼ਟਾਚਾਰ ਤੋਂ ਭਾਵ, ਭ੍ਰਿਸ਼ਟਾਚਾਰ ਇੱਕ ਲਾਹਨਤ, ਇਨਸਾਨੀਅਤ ਦਾ ਖਾਤਮਾ, ਭ੍ਰਿਸ਼ਟਾਚਾਰ ਦਾ ਬੋਲਬਾਲਾ, ਸਾਰਾਂਸ**

**(8)** ਆਪਣੀ ਸਹੇਲੀ ਨੂੰ ਚਿੱਠੀ ਰਾਹੀਂ ਇਤਿਹਾਸਿਕ ਸਥਾਨ ਦੀ ਯਾਤਰਾ ਬਾਰੇ ਲਿਖੋ ਜੋ ਆਪ ਨੇ ਹੁਣੇ - ਹੁਣੇ ਕੀਤੀ ਹੈ । (7)

ਨੁਕਤੇ :- ਛੁੱਟੀਆਂ ਵਿੱਚ ਵਿਦਿਅਕ ਟੂਰ, ਪੰਜ ਦਿਨਾਂ ਦਾ ਟੂਰ, ਤਾਜ ਮੱਹਲ ਵੇਖਣ ਆਗਰੇ ਜਾਣਾ, ਤਾਜ ਮੱਹਲ ਦੀ ਸੁੰਦਰਤਾ, ਬਾਦਸ਼ਾਹ ਤੇ ਬੇਗਮ ਦੀਆਂ ਕਬਰਾਂ, ਇਹ ਯਾਤਰਾ ਹਮੇਸ਼ਾਂ ਯਾਦ ਰਹੇਗੀ, ਵਾਪਸੀ )

**ਜਾਂ**

ਤੁਹਾਡਾ ਕੀਮਤੀ 'ਹਾਰ' ਗੁੰਮ ਹੋ ਗਿਆ ਹੈ । ਇਸ ਸੰਬੰਧੀ ਐੱਸ ਐੱਚ ਓ ਨੂੰ ਇੱਕ ਪੱਤਰ ਲਿਖੋ ।

(ਨੁਕਤੇ :- ਵਿਸ਼ਾ, ਮਿਤੀ, ਫੋਨ ਨ0, ਸੱਮਸਿਆਂ, ਧੰਨਵਾਦ, ਅੰਤ, ਦਸਤਖ਼ਤ)

**(9)** ਹੇਠ ਲਿਖੇ ਚਿੱਤਰ ਨੂੰ ਧਿਆਨ ਨਾਲ਼ ਵੇਖ ਕੇ ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ । (5)



## ਭਾਗ - ਸ (ਪਾਠ - ਪੁਸਤਕ ਤੇ ਅਧਾਰਿਤ) [30]

**(10) ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ :-** **(5x1=5)**

**(ੳ)** ਇਰਾਦਾ ਸ਼ਬਦ ਤੋਂ ਕੀ ਭਾਵ ਹੈ ?

(1) ਯਤਨ (2) ਇੱਛਾ (3) ਮਜ਼ਬੂਰੀ (4) ਫਿਕਰ

**(ਅ)** ਦਸ ਵਿਘੇ ਜਮੀਨ ਕਿਸ ਨੇ ਗਹਿਣੇ ਰੱਖੀ ?

(1) ਕਪੂਰ ਸਿੰਘ ਨੇ (2) ਰਾਮ ਸਿੰਘ ਨੇ (3) ਨਾਹਰ ਸਿੰਘ ਨੇ (4) ਚੰਨਣ ਸਿੰਘ ਚੀਨੀਏ ਨੇ

**(ੲ)** ਹਰਬੰਸੋ ਕਿਸ ਦੀ ਬੇਟੀ ਸੀ ?

(1) ਕਪੂਰ ਸਿੰਘ ਦੀ (2) ਦਰਬਾਰੇ ਦੀ (3) ਚੰਨਣ ਸਿੰਘ ਚੀਨੀਏ ਦੀ (4) ਰਾਮ ਸਿੰਘ ਦੀ

**(ਸ)** 'ਮੁੜ ਵੇਖਿਆ ਪਿੰਡ' ਲੇਖ ਕਿਸ ਦੀ ਰਚਨਾ ਹੈ ?

(1) ਬਲਰਾਜ ਸਾਹਨੀ (2) ਡਾ ਟੀ ਆਰ ਸ਼ਰਮਾ (3) ਡਾ ਹਰਪਾਲ ਸਿੰਘ ਪੰਨੂ (4) ਸੂਬਾ ਸਿੰਘ

**(ਹ) ਖੂਹ ਦੇ ਨੇੜੇ ਲੇਖਕ ਦੇ ਕਿਸ ਰਿਸ਼ਤੇਦਾਰ ਦਾ ਘਰ ਸੀ ?**

**(1)** ਤਾਏ ਦਾ **(2)** ਮਾਸੇ ਦਾ **(3)** ਚਾਚੇ ਦਾ **(4)** ਭੂਆਦਾ

**(11) ਇੱਕ ਸ਼ਬਦਾਂ ਵਾਲ਼ੇ ਪ੍ਰਸ਼ਨਾਂ ਦੇ ਉੱਤਰ ਦਿਓ :-** **(5x1=5)**

**(ੳ)** ਭੂਲੋਵਾਲ ਤੋਂ ਲੇਖਕ ਦਾ ਪਿੰਡ ਕਿੰਨੀ ਕੁ ਦੂਰ ਸੀ ?

**(ਅ)** ਕਿਸ ਬਿਮਾਰੀ ਦਾ ਕੋਈ ਵੀ ਇਲਾਜ ਨਹੀਂ ਹੁੰਦਾ ?

**(ੲ)** ਸਮਾਂ ਕਵਿਤਾ ਕਿਸ ਕਵੀ ਦੁਆਰਾ ਲਿਖੀ ਗਈ ਹੈ ?

**(ਸ)** 'ਹਰਨ - ਚੌਕੜੀਆਂ ਭਰਨਾ ਦਾ ਕੀ ਮਤਲਬ ਹੈ ?

**(ਹ)** ਕਵੀ ਫ਼ੀਰੋਜ਼ਦੀਨ ਸ਼ਰਫ਼ ਦੀ ਪਸੰਦੀਦਾ ਬੋਲੀ ਕਿਹੜੀ ਹੈ ?

**(12) ਹੇਠ ਲਿਖੇ ਪ੍ਰਸ਼ਨਾਂ ਦੇ ਉਤਰ 25 - 30 ਸ਼ਬਦਾਂ ਵਿੱਚ ਲਿਖੋ । (ਕੋਈ ਚਾਰ ਕਰੋ)** **(2x4=8)**

**(ੳ)** ਤਾਇਆ ਮਨਸਾ ਰਾਮ ਨੂੰ ਸਾਰਾ ਪਿੰਡ ਵਹਿਮੀ ਤਾਇਆ ਕਿਉਂ ਆਖਦਾ ਸੀ ?

**(ਅ)** ਗਲ਼ੀ ਵਿੱਚ ਚੱਕਰ ਮਾਰਦਿਆਂ ਹੋਇਆ ਲੇਖਕ ਨੇ ਕੀ ਵੇਖਿਆ ?

**(ੲ)** ਘਰ ਮੁੜਦੇ ਹੋਏ ਜੁਗਲ ਪ੍ਰਸ਼ਾਦ ਅਤੇ ਜੋਤੀ ਕਿਉਂ ਖੁਸ਼ ਹਨ ?

**(ਸ)** ਜੁਗਲ ਪ੍ਰਸ਼ਾਦ ਨੇ ਕੜਕਦੇ ਹੋਏ ਕੀ ਕਿਹਾ ?

**(ੲ)** ਮਦਨ ਨਾਲ ਕਿਸ ਪਰੇਸ਼ਾਨੀ ਵਿੱਚ ਆਪਣੀ ਮਾਸੀ ਦੇ ਘਰ ਆਉਂਦਾ ਹੈ ?

**(13) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 - 60 ਸ਼ਬਦਾਜ ਵਿੱਚ ਲਿਖੋ । (ਕੋਈ ਦੋ ਕਰੋ)** **(2x4=8)**

**(ੳ)** 'ਮੈਂ' ਪੰਜਾਬੀ ਕਵਿਤਾ ਦਾ ਸਾਰ ਲਿਖੋ ।

**(ਅ)** 'ਜਨਮ ਦਿਨ' ਕਹਾਣੀ ਦਾ ਸਾਰ ਲਿਖੋ ।

**(ੲ)** ਸਾਂਝੀ ਕੰਧ ਕਹਾਣੀ ਦਾ ਸਾਰ ਲਿਖੋ ।

**(14) ਇਕਾਂਗੀ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਵਿੱਚੋ ਕਿਸੇ ਇੱਕ ਦਾ ਉੱਤਰ 50 - 60 ਸ਼ਬਦਾਂ ਵਿੱਚ ਦਿਓ) :-** **(4x1=4)**

**ਮੌ**ਨਧਾਰੀ ਇਕਾਂਗੀ ਦਾ ਉਦੇਸ਼ ਕੀ ਹੈ ?

**ਜਾਂ**

ਮੌਨਧਾਰੀ ਇਕਾਂਗੀ ਵਿੱਚ ਮੌਨਧਾਰੀ'ਬਾਰੇ ਜਾਣਕਾਰੀ ਦਿਓ ।